# News Release

City of Mississauga
300 City Centre Drive
Mississauga, ON L5B 3C1

MISSISSAUGA

mississauga.ca facebook.com/citymississauga twitter.com/citymississauga


# ਵੋਟਿੰਗ ਲਈ ਕੀ ਕਰਨਾ ਹੈ, ਉਸਦੀ ਸੂਚੀ ਦੇਖੋ: ਐਡਵਾਂਸ ਵੋਟਿੰਗ ਇਸ ਵੀਕੈਂਡ ਨੂੰ ਖੁੱਲ੍ਹ ਰਹੀ ਹੈ

ਯੋਗ ਵੋਟਰ, ਕਿਸੇ ਵੀ ਐਡਵਾਂਸ ਵੋਟਿੰਗ ਥਾਂ ਵਿਖੇ, Mississauga ਦੇ ਮੇਅਰ ਅਤੇ ਵਾਰਡ 5 ਦੇ ਕਾਉਂਸਲਰ ਲਈ ਆਪਣੀ ਵੋਟ ਪਾ ਸਕਦੇ ਹਨ

21 ਮਈ, 2024

ਪਹਿਲਾਂ ਹੀ ਆਪਣੀ ਵੋਟ ਪਾਓ, ਚੋਣਾਂ ਵਾਲੇ ਦਿਨ ਲਾਈਨਾਂ ਤੋਂ ਬਚੋ ਅਤੇ ਵੋਟਿੰਗ ਲਈ ਕੀ ਕਰਨਾ ਹੈ, ਉਸਦੀ ਸੂਚੀ ਦੇਖੋ। Advance voting locations, ਪੂਰੇ ਸ਼ਹਿਰ ਦੀਆਂ 22 ਐਡਵਾਂਸ ਵੋਟਿੰਗ ਥਾਵਾਂ ਵਿਖੇ, ਸ਼ੁੱਕਰਵਾਰ, 24 ਮਈ ਨੂੰ ਅਤੇ ਸ਼ਨੀਵਾਰ, 25 ਮਈ ਨੂੰ Mississauga City Hall ਦੇ ਨਾਲ-ਨਾਲ, ਸ਼ਨੀਵਾਰ, 1 ਜੂਨ ਅਤੇ ਐਤਵਾਰ, 2 ਜੂਨ ਨੂੰ ਖੁੱਲ੍ਹ ਰਹੀ ਹੈ। ਵੋਟਰ any advance voting location ਤੇ ਵੋਟ ਪਾ ਸਕਦੇ ਹਨ। ਵਾਰਡ 5 ਦੇ ਵੋਟਰ, ਆਪਣੇ ਵਾਰਡ 5 ਦੇ ਕਾਉਂਸਲਰ ਅਤੇ ਮੇਅਰ ਲਈ ਵੋਟ ਪਾਉਣਗੇ। ਦੂਜੇ ਸਾਰੇ ਵਾਰਡਾਂ ਵਿੱਚ ਵੋਟਰ, ਸਿਰਫ Mississauga ਦੇ ਮੇਅਰ ਲਈ ਵੋਟ ਪਾਉਣਗੇ।

## ਵੋਟ ਕਿਉਂ ਪਾਉਣੀ ਹੈ

ਯੋਗ ਵੋਟਰ ਹੋਣ ਵਜੋਂ, ਚੋਣਾਂ ਵਿੱਚ ਹਿੱਸਾ ਲੈ ਕੇ ਆਪਣੇ ਹੱਕ ਦਾ ਇਸਤੇਮਾਲ ਕਰਨਾ ਅਤੇ ਜ਼ਿੰਮੇਵਾਰੀ ਨੂੰ ਨਿਭਾਉਣਾ ਮਹੱਤਵਪੂਰਣ ਹੈ। ਵੋਟ ਵਿੱਚ ਤੁਹਾਡੀ ਕਮਿਉਨਿਟੀ ਵਿੱਚ ਬਦਲਾਅ ਲਿਆਉਣ ਦੀ ਤਾਕਤ ਹੈ। ਜੋ ਲੋਕ ਚੁਣੇ ਜਾਂਦੇ ਹਨ, ਉਹ ਕਈ ਮਹੱਤਵਪੂਰਣ ਫੈਸਲੇ ਲੈਣਗੇ, ਇਸ ਸਮੇਤ ਕਿ ਤੁਹਾਡੀ ਕਮਿਉਨਿਟੀ ਵਿੱਚ ਟੈਕਸ ਡਾਲਰ ਕਿਵੇਂ ਖਰਚ ਕੀਤੇ ਜਾਂਦੇ ਹਨ।

## ਵੋਟ ਪਾਉਣ ਤੋਂ ਪਹਿਲਾਂ

ਵੋਟਿੰਗ ਥਾਂ ਤੇ ਜਾਣ ਤੋਂ ਪਹਿਲਾਂ:

- ਤਸਦੀਕ ਕਰੋ ਕਿ ਤੁਸੀਂ eligible to vote ਹੋ
- ਔਨਲਾਈਨ, Voter Registration Portal ਤੇ ਜਾ ਕੇ ਆਪਣੀ ਨਿੱਜੀ ਜਾਣਕਾਰੀ ਦੀ ਪੁਸ਼ਟੀ ਕਰੋ ਜਾਂ ਇਸਨੂੰ ਅੱਪਡੇਟ ਕਰੋ
- candidates for Mayor and Ward 5 Councillor ਦੇਖੋ। ਯਾਦ ਰੱਖੋ, ਸਿਰਫ Ward 5 ਦੇ ਵੋਟਰ ਹੀ ਆਪਣੇ ਵਾਰਡ 5 ਦੇ ਕਾਉਂਸਲਰ ਲਈ ਵੋਟ ਪਾਉਣਗੇ। ਦੂਜੇ ਸਾਰੇ ਵਾਰਡਾਂ ਵਿੱਚ ਵੋਟਰ, ਸਿਰਫ Mississauga ਦੇ ਮੇਅਰ ਲਈ ਵੋਟ ਪਾਉਣਗੇ। ਇਹ ਪਤਾ ਲਗਾਉਣ ਲਈ, Use the map ਕਿ ਤੁਹਾਡਾ ਵਾਰਡ ਕਿਹੜਾ ਹੈ।
- advance voting ਲਈ ਜਾਂ Election Day ਵਾਲੇ ਦਿਨ ਲਈ ਆਪਣੀ ਨਿਯਤ ਤਾਰੀਖਾਂ ਅਤੇ ਥਾਵਾਂ ਦੇਖੋ

## ਵੋਟ ਪਾਉਣ ਦੇ ਤਰੀਕੇ

### ਖੁਦ ਜਾ ਕੇ ਵੋਟ ਪਾਓ

ਜੇਕਰ ਤੁਸੀਂ ਵੋਟ ਪਾਉਣ ਲਈ ਯੋਗ ਹੋ ਤਾਂ ਤੁਸੀਂ ਕਿਸੇ ਵੀ ਐਡਵਾਂਸ ਵੋਟਿੰਗ ਥਾਂ ਤੇ vote in person ਪਾ ਸਕਦੇ ਹੋ। ਤੇਜ਼ ਵੋਟਿੰਗ ਪ੍ਰਕਿਰਿਆ ਲਈ, ਪਹਿਲਾਂ ਹੀ ਪੁਸ਼ਟੀ ਕਰੋ ਕਿ ਤੁਸੀਂ voters' list ਵਿੱਚ ਹੋ ਜਾਂ ਸਹੀ ਜਾਣਕਾਰੀ ਵਾਲਾ ਆਪਣਾ ਵੋਟਰ ਨੋਟਿਫਿਕੇਸ਼ਨ ਕਾਰਡ (Voter Notification Card) ਨਾਲ ਲੈ ਕੇ ਆਓ, ਜੇਕਰ ਇਹ ਤੁਹਾਨੂੰ ਡਾਕ ਰਾਹੀਂ ਮਿਲਿਆ ਹੈ।

ਤੁਹਾਡੇ ਲਈ ਐਡਵਾਂਸ ਵੋਟਿੰਗ ਥਾਂ ਵਿਖੇ ਆਪਣੇ ਨਾਲ one piece of identification (ID) ਲਿਆਉਣਾ ਲਾਜ਼ਮੀ ਹੈ:

- ਓਨਟੈਰੀਓ ਦਾ ਡ੍ਰਾਈਵਰਸ ਲਾਇਸੈਂਸ
- ਓਨਟੈਰੀਓ ਫੋਟੋ ਕਾਰਡ
- ਕੈਂਸਲ ਕੀਤਾ ਹੋਇਆ ਪ੍ਰਸਨਲਾਈਜ਼ਡ ਚੈੱਕ
- ਬੀਮਾ ਪਾਲਸੀ ਜਾਂ ਸਟੇਟਮੈਂਟ
- Ontario's acceptable documents for voter identification list ਵਿੱਚ ਸ਼ਾਮਲ ਕੋਈ ਦੂਜਾ ਦਸਤਾਵੇਜ਼

## ਪ੍ਰੋਕਸੀ ਦੁਆਰਾ ਵੋਟ ਪਾਓ

ਜੇਕਰ ਤੁਸੀਂ ਜਲਦੀ ਜਾਂ ਚੋਣਾਂ ਵਾਲੇ ਦਿਨ ਵੋਟ ਨਹੀਂ ਪਾ ਸਕਦੇ, ਤਾਂ ਤੁਸੀਂ ਆਪਣੇ ਵੱਲੋਂ ਵੋਟ ਪਾਉਣ ਲਈ, appoint a proxy ਕਰ ਸਕਦੇ ਹੋ। ਤੁਹਾਡੇ ਵੱਲੋਂ ਵੋਟ ਪਾਉਣ ਵਾਲੇ ਵਿਅਕਤੀ ਲਈ ਲਾਜ਼ਮੀ ਹੈ ਕਿ ਉਹ City of Mississauga ਦੇ ਅੰਦਰ ਵੋਟ ਪਾਉਣ ਲਈ ਯੋਗ ਹੋਵੇ। ਤੁਹਾਡੇ ਅਤੇ ਤੁਹਾਡੇ ਪ੍ਰੋਕਸੀ ਲਈ Appointment for Voting Proxy Form ਪੂਰਾ ਕਰਨਾ ਲਾਜ਼ਮੀ ਹੈ। ਵੋਟਿੰਗ ਪ੍ਰੋਕਸੀ ਫਾਰਮ (Voting Proxy Forms), ਚੋਣਾਂ ਵਾਲੇ ਦਿਨ, ਸੋਮਵਾਰ, 10 ਜੂਨ ਨੂੰ, ਸ਼ਾਮ 5 ਵਜੇ ਤੋਂ **ਪਹਿਲਾਂ** ਪ੍ਰਮਾਣਿਤ ਹੋਣੇ ਲਾਜ਼ਮੀ ਹਨ।

ਮੇਅਰ ਅਤੇ ਵਾਰਡ 5 ਦੇ ਕਾਉਂਸਲਰ ਲਈ ਉਪ-ਚੋਣਾਂ ਬਾਰੇ ਵਧੇਰੇ ਜਾਣਕਾਰੀ ਲਈ, mississaugavotes.ca ਤੇ ਜਾਓ ਜਾਂ 905-615-VOTE (8683) ਤੇ ਫੋਨ ਕਰੋ।

-30-

**ਮੀਡੀਆ ਸੰਪਰਕ:**

City of Mississauga ਮੀਡੀਆ ਰਿਲੇਸ਼ਨਸ

media@mississauga.ca

905-615-3200, ਐਕਸਟੈਨਸ਼ਨ 5232

TTY: 905-896-5151